# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ ਐਸ ਈ ਬੀ ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜ਼ਿਲ, ਫੇਜ਼-8, ਮੋਹਾਲੀ.

ਈਮੇਲ: directorscert@punjabeducation.gov.in, ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ./ਐ.ਸਿ.)
ਸਮੂਹ ਸਕੂਲ ਮੁਖੀ
ਪੰਜਾਬ।

ਮੀਮੋ ਨੰ: e-605171/SCERT/QP/UP/2024/310077

ਮਿਤੀ: ਐਸ.ਏ.ਐਸ. ਨਗਰ, 02-12-2024

ਵਿਸ਼ਾ: ਸਕੂਲ ਪੱਧਰ ਤੇ Subject Fairs ਕਰਵਾਉਣ ਸਬੰਧੀ।

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0. PAB 2024-25 ਅਨੁਸਾਰ Learning Enhancement Programme (ਮੱਦ 5.5.1 - LEP Class VI - VIII ਅਤੇ ਮੱਦ 3.1.3 - LEP Class IX - XII) ਤਹਿਤ ਜਮਾਤਾਂ 6ਵੀਂ ਤੋਂ 12ਵੀਂ ਦੇ ਵਿਦਿਆਰਥੀਆਂ ਵਿੱਚ experiential learning ਨੂੰ ਪ੍ਰੋਤਸਾਹਿਤ ਕਰਨ ਅਤੇ Learning by doing ਦੇ ਸਿਧਾਂਤ ਦੀ ਵਰਤੋਂ ਕਰਕੇ ਵਿਦਿਆਰਥੀਆਂ ਵਿੱਚ ਉਹਨਾਂ ਵੱਲੋਂ ਔਖੇ ਸਮਝੇ ਜਾਣ ਵਾਲੇ ਵਿਸ਼ਿਆਂ ਵਿੱਚ ਰੋਚਕਤਾ ਪੈਦਾ ਕਰਨ ਲਈ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ fairs organize ਕੀਤੇ ਕੀਤੇ ਜਾ ਰਹੇ ਹਨ।

3.0. ਇਸ ਸਬੰਧ ਵਿੱਚ ਸਕੂਲ ਪੱਧਰ ਤੇ ਕਰਵਾਏ ਜਾਣ ਵਾਲੇ ਵੱਖ-ਵੱਖ ਵਿਸ਼ਿਆਂ ਦੇ Fairs ਦਾ schedule ਹੇਠ ਲਿਖੇ ਅਨੁਸਾਰ ਹੈ:

| ਸਾਰਣੀ 1- Subject Fairs: Activity/Models /Project Work ਦੀ ਪ੍ਰਦਰਸ਼ਨੀ | | | |
|---|---|---|---|
| ਮਿਤੀ | ਜਮਾਤ 6ਵੀਂ ਤੋਂ 8ਵੀਂ | ਜਮਾਤ 9ਵੀਂ ਤੋਂ 10ਵੀਂ | ਜਮਾਤ 11ਵੀਂ ਤੋਂ 12ਵੀਂ |
| 10-ਦਸੰਬਰ-2024 | ਗਣਿਤ ਅਤੇ ਵਿਗਿਆਨ | ਗਣਿਤ ਅਤੇ ਵਿਗਿਆਨ | ਕਾਮਰਸ ਅਤੇ ਆਰਟਸ |
| 11-ਦਸੰਬਰ-2024 | ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ | ਅੰਗਰੇਜ਼ੀ ਅਤੇ ਸਮਾਜਿਕ ਵਿਗਿਆਨ | ਮੈਡੀਕਲ, ਨਾਨ-ਮੈਡੀਕਲ ਅਤੇ ਵੋਕੇਸ਼ਨਲ |
| ਜੇਕਰ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਤਾਂ subject fairs ਲਈ ਜਰੂਰਤ ਅਨੁਸਾਰ ਇੱਕ ਹੋਰ ਦਿਨ ਵਧਾਇਆ ਜਾ ਸਕਦਾ ਹੈ। | | | |

4.0. Subject fairs ਦੇ ਸਫਲ ਸੰਚਾਲਨ ਅਤੇ ਸਕਰਾਤਮਕ ਨਤੀਜਿਆਂ ਲਈ ਸਕੂਲ ਮੁਖੀ ਇਸ ਦੀ ਪਲਾਨਿੰਗ ਆਪਣੀ ਦੇਖ-ਰੇਖ ਵਿੱਚ ਕਰਨਗੇ ਅਤੇ ਉਪਰੋਕਤ ਸਮਾਂ ਸਾਰਣੀ ਅਨੁਸਾਰ ਸੰਬੰਧਤ ਵਿਸ਼ਾ ਅਧਿਆਪਕਾਂ ਦੀ ਡਿਊਟੀ, ਇਸਦੀ ਤਿਆਰੀ ਅਤੇ ਸੰਚਾਲਨ ਲਈ ਲਗਾਉਣਗੇ। Subject Fairs ਲਗਾਉਣ ਲਈ ਸਕੂਲ ਲਈ ਦਿਸ਼ਾ- ਨਿਰਦੇਸ਼ ਹੇਠ ਲਿਖੇ ਅਨੁਸਾਰ ਹੈ:

4.1. ਇਹਨਾਂ ਮੇਲਿਆਂ ਵਿੱਚ ਵੱਧ ਤੋਂ ਵੱਧ ਵਿਦਿਆਰਥੀਆਂ ਦਾ ਭਾਗ ਲੈਣਾ ਯਕੀਨੀ ਬਣਾਇਆ ਜਾਵੇ ਅਤੇ ਜਿਹਨਾਂ ਵਿਦਿਆਰਥੀਆਂ ਦੀ ਕਾਰਗੁਜਾਰੀ (ਸਤੰਬਰ ਪ੍ਰੀਖਿਆ ਵਿੱਚ) ਵਧੀਆ ਨਹੀਂ ਸੀ ਉਹਨਾਂ ਦਾ ਇਹਨਾਂ ਮੇਲਿਆਂ ਵਿੱਚ ਭਾਗ ਲੈਣਾ ਯਕੀਨੀ ਬਣਾਇਆ ਜਾਵੇ।

4.2. ਵਿਦਿਆਰਥੀਆਂ ਦੇ ਗਰੁੱਪ (ਵੱਧ ਤੋਂ ਵੱਧ 4 ਵਿਦਿਆਰਥੀ) ਵੀ ਬਣਾਏ ਜਾ ਸਕਦੇ ਹਨ ਅਤੇ ਗਰੁੱਪਿੰਗ ਕਰਨ ਵੇਲੇ ਇਹ ਧਿਆਨ ਰੱਖਿਆ ਜਾਵੇ ਕਿ ਕੇਵਲ ਹੁਸ਼ਿਆਰ ਵਿਦਿਆਰਥੀਆਂ ਨੂੰ ਇੱਕੋ ਗਰੁੱਪ ਵਿੱਚ ਨਾ



Scanned with ACE Scanner

ਰੱਖਿਆ ਜਾਵੇ। ਅਧਿਆਪਕ ਵੱਲੋਂ ਇਹ ਸੰਭਵ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਹਰ ਗਰੁੱਪ ਵਿੱਚ mixed
abilities ਵਾਲੇ ਵਿਦਿਆਰਥੀਆਂ ਨੂੰ ਜ਼ਰੂਰ ਰੱਖਿਆ ਜਾਵੇ ਤਾਂ ਜੋ ਹਰ ਵਿਦਿਆਰਥੀ ਇਹਨਾਂ Subject
Fairs ਵਿੱਚ ਭਾਗ ਲੈ ਕੇ ਉਤਸ਼ਾਹਿਤ ਮਹਿਸੂਸ ਕਰੇ।

4.3. ਅਧਿਆਪਕ ਵੱਲੋਂ ਵਿਦਿਆਰਥੀਆਂ ਨੂੰ Model/ Presentation/ Explanation ਦੇਣ ਸਬੰਧੀ ਮਾਰਗ
ਦਰਸ਼ਨ ਕੀਤਾ ਜਾਵੇ ਤਾਂ ਜੋ ਵਿਦਿਆਰਥੀ Subject Fairs ਵਾਲੇ ਦਿਨ ਆਪਣੇ ਟੌਪਿਕ ਨੂੰ ਵਧੀਆ ਢੰਗ
ਨਾਲ present ਕਰ ਸਕਣ।

4.4. ਅਧਿਆਪਕਾਂ ਦੀ ਸਹਾਇਤਾ ਲਈ ਜਮਾਤਾਂ ਛੇਵੀਂ ਤੋਂ ਦਸਵੀਂ ਲਈ ਗਣਿਤ, ਵਿਗਿਆਨ, ਅੰਗਰੇਜ਼ੀ ਅਤੇ
ਸਮਾਜਿਕ ਵਿਗਿਆਨ ਵਿਸ਼ਿਆਂ ਦੀਆਂ ਕੁੱਝ ਸੁਝਾਵਿਤ ਗਤੀਵਿਧੀਆਂ ਦੀ ਸੂਚੀ ਪੱਤਰ ਨਾਲ ਨੱਥੀ ਹੈ।
ਵਿਸ਼ਾ ਅਧਿਆਪਕ ਇਸ ਸੂਚੀ ਤੋਂ ਇਲਾਵਾ ਵੀ ਕਿਸੇ ਟਾੱਪਿਕ ਤੇ ਗਤੀਵਿਧੀ ਕਰਵਾ ਸਕਦੇ ਹਨ।

4.5. ਅਧਿਆਪਕ ਵਿਦਿਆਰਥੀ ਨੂੰ ਦਿੱਤੀ ਗਈ ਐਕਟੀਵਿਟੀ ਨੂੰ ਸੰਬੰਧਤ ਵਿਸ਼ੇ ਦੇ ਪਾਠ ਕ੍ਰਮ ਦੇ ਕਿਸੇ ਸੰਕਲਪ
ਨਾਲ ਜਰੂਰ ਜੋੜੇ ਤਾਂ ਜੋ ਵਿਦਿਆਰਥੀ ਵਿੱਚ ਉਸ ਵਿਸ਼ੇ ਪ੍ਰਤੀ ਰੁਚੀ ਪੈਦਾ ਹੋ ਸਕੇ।

4.6. ਜਮਾਤਾਂ 11ਵੀਂ ਅਤੇ 12ਵੀਂ ਦੇ ਵਿਦਿਆਰਥੀ ਆਪਣੀ ਚੁਣੀ ਗਈ ਸਟਰੀਮ (Medical, Non-Medical,
Humanities, Commerce and Vocational) ਦੇ ਸਿਲੇਬਸ/ ਸੰਕਲਪਾਂ ਤੇ ਅਧਾਰਿਤ ਬਣੇ
ਮਾਡਲ/ਕਿਰਿਆਵਾਂ ਤਿਆਰ ਕਰਕੇ ਸਾਰਣੀ-1 ਵਿੱਚ ਦਰਸਾਈ ਸਮਾਂ ਸਾਰਣੀ ਅਨੁਸਾਰ ਪ੍ਰਦਰਸ਼ਿਤ
ਕਰਨਗੇ। ਇਸ ਸੰਬੰਧੀ ਸੰਬੰਧਤ ਵਿਸ਼ੇ ਦੇ ਲੈਕਚਰਾਰ ਵਿਦਿਆਰਥੀਆਂ ਨੂੰ ਗਾਈਡ ਕਰਨਗੇ।

4.7. Subject Fairs ਲਈ ਵੱਖ-2 ਵਿਸ਼ਿਆਂ ਦੇ ਟੌਪਿਕਾਂ ਦੀ ਚੋਣ, ਵੰਡ ਅਤੇ presentation ਇਸ ਢੰਗ ਨਾਲ
ਰੱਖੀ ਜਾਵੇ ਕਿ ਹਰ ਵਿਦਿਆਰਥੀ ਦੀ ਕਿਸੇ ਨਾ ਕਿਸੇ ਟੋਪਿਕ/ ਸੰਕਲਪ ਦੀ ਸਮਝ Activity Method
ਰਾਹੀਂ ਬਣ ਜਾਵੇ।ਦਿੱਤੇ ਗਏ ਟਾਪਿਕ ਤੇ ਵਿਦਿਆਰਥੀਆਂ( ਜਾਂ ਵਿਦਿਆਰਥੀਆਂ ਦੇ ਗਰੁੱਪ) ਦੁਆਰਾ
ਬਣਾਏ ਮਾਡਲਾਂ, ਚਾਰਟਾਂ, ਥ੍ਰੀ-ਡੀ ਚਾਰਟ, ਸਕਰੈਪ ਬੁੱਕ, ਨਕਸ਼ੇ ਅਤੇ ਗਲੋਬ ਗਤੀਵਿਧੀਆਂ ਆਦਿ ਦੀ
ਪ੍ਰਦਰਸ਼ਨੀ ਲਗਾਈ ਜਾਵੇ।

4.8. ਮਾਡਲ ਬਣਾਉਣ ਵੇਲੇ ਰੋਜ਼ਾਨਾ ਜ਼ਿੰਦਗੀ ਵਿੱਚ ਉਸ ਦੀ ਉਪਯੋਗਤਾ ਨੂੰ ਤਰਜੀਹ ਦਿੱਤੀ ਜਾਵੇ ਅਤੇ
ਜ਼ਿਆਦਾਤਾਰ ਵਾਧੂ ਵਸਤੂਆਂ ਦਾ ਪ੍ਰਯੋਗ ਕੀਤਾ ਜਾਵੇ ਜਿਵੇਂ ਘਰ ਵਿੱਚ ਪਏ ਗੱਤੇ ਦੇ ਡੱਬੇ, ਪੁਰਾਣੀ ਉੱਨ,
ਬਟਨ, ਮੋਤੀ, ਕੈਂਚੀ, ਚਾਰਟ ਆਦਿ।

4.9. ਇਹਨਾਂ ਮਾਡਲਾਂ ਦੀ ਤਿਆਰੀ ਮਿਤੀ 07-12-2024 ਅਤੇ 09-12-2024 ਨੂੰ ਅੱਧੀ ਛੁੱਟੀ ਤੋਂ ਬਾਅਦ
ਵਾਲੇ ਪੀਰੀਅਡ ਵਿੱਚ ਕਰਵਾਈ ਜਾ ਸਕਦੀ ਹੈ।

4.10. ਮੇਲੇ ਦੌਰਾਨ ਬਣੇ ਮਾਡਲ/ ਕਿਰਿਆਵਾਂ ਬਾਅਦ ਵਿੱਚ ਸਕੂਲ ਵਿੱਚ ਮੌਜੂਦ ਗਣਿਤ, ਅੰਗਰੇਜੀ,
ਸਮਾਜਿਕ ਸਿੱਖਿਆ ਅਤੇ ਸਾਇੰਸ ਕਾਰਨਰ/ ਲੈਬ ਵਿੱਚ ਰੱਖੀਆਂ ਜਾਣ।

4.11. ਅਧਿਆਪਕ ਵਿਦਿਆਰਥੀਆਂ ਦੀ ਮੇਲੇ ਵਿੱਚ ਕੀਤੀ ਕਾਰਗੁਜਾਰੀ ਦਾ ਮੁਲਾਂਕਣ ਕਰਕੇ ਆਪਣੇ ਕੋਲ ਰੱਖਣ
ਅਤੇ ਇਸ ਮੁਲਾਂਕਣ ਦੀ ਵਰਤੋਂ ਨਿਯਮਾਨੁਸਾਰ INA/CCE ਵਿੱਚ ਅੰਕ ਲਗਾਉਣ ਲਈ ਕੀਤੀ ਜਾ ਸਕਦੀ ਹੈ।

4.12. ਹਰੇਕ ਸਕੂਲ ਮੁਖੀ ਸਕੂਲਾਂ ਵਿੱਚ ਹੋਣ ਵਾਲੇ ਮੇਲਿਆਂ ਦੀਆਂ ਫੋਟੋਆਂ ਦਾ ਇੱਕ collage ਤਿਆਰ ਕਰਕੇ
ਰਿਕਾਰਡ ਰੱਖਣਗੇ। ਇਸ ਤੋਂ ਇਲਾਵਾ ਸਕੂਲ ਵਿੱਚ ਹੋਏ ਮੇਲਿਆਂ ਦੀ ਰਿਪੋਰਟ ਨਾਲ ਨੱਥੀ ਫਾਰਮੇਟ
ਵਿੱਚ ਤਿਆਰ ਕਰਕੇ ਅਤੇ ਸਕੂਲ ਤੋਂ ਸਭ ਤੋਂ ਵਧੀਆ ਐਕਟੀਵਿਟੀਜ਼ ਦੀਆਂ video recordings
ਕਰਕੇ DRCs/BRCs ਨੂੰ ਭੇਜਣਗੇ।

4.13. ਮੇਲੇ ਵਾਲੇ ਦਿਨਾਂ ਨੂੰ ਬਤੌਰ Bagless days ਰਿਕਾਰਡ ਕੀਤਾ ਜਾਵੇ।



Scanned with ACE Scanner

6.2. ਉਕਤ ਨਿਰਦੇਸ਼ਾਂ ਅਨੁਸਾਰ ਸਕੂਲ ਗ੍ਰਾਂਟ ਖਰਚ ਕਰਨ ਉਪਰੰਤ ਇਸਦਾ ਵਰਤੋਂ ਸਰਟੀਫਿਕੇਟ ਮੁੱਖ-ਦਫ਼ਤਰ ਨੂੰ DEO(EE) ਰਾਹੀਂ ਭੇਜਣਾ ਯਕੀਨੀ ਬਣਾਇਆ ਜਾਵੇ।

6.3. ਇਹ ਰਾਸ਼ੀ ਸਕੂਲ ਮੁੱਖੀ ਆਪਣੇ ਪੱਧਰ ਤੇ SMC ਨਾਲ ਮਤਾ ਪਾ ਕੇ ਖਰਚ ਕਰ ਸਕਦੇ ਹਨ।ਸਮਾਨ ਵਧੀਆਂ Quality ਦਾ ਹੀ ਖਰੀਦਣਾ ਸੁਨਿਸ਼ਚਿਤ ਕੀਤਾ ਜਾਵੇ।

7.0. Subject Fairs ਵਾਲੇ ਦਿਨ ਸਕੂਲ ਮੁੱਖੀ ਵੱਲੋ ਪਿੰਡ ਦੇ ਪਤਵੰਤੇ ਸੱਜਣ, SMC ਅਤੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਕਾਰਗੁਜਾਰੀ ਦੀ ਹੌਸਲਾ ਅਫਜਾਈ ਕਰਨ ਲਈ ਉਹਨਾਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾਵੇ ਅਤੇ ਉਹਨਾਂ ਦੀ ਫੀਡਬੈਕ ਜਰੂਰ ਲਈ ਜਾਵੇ।

8.0. ਸਮੂਹ Academic Support Group ਦੇ ਮੈਂਬਰ (DRCs ਅਤੇ BRCs) ਆਪਣੇ ਜਿਲ੍ਹੇ/ਬਲਾਕ ਦੇ ਸਾਰੇ ਸਕੂਲਾਂ ਵਿੱਚ ਇਹਨਾਂ ਮੇਲਿਆਂ ਦੇ ਸਫਲ ਸੰਚਾਲਨ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਇਸ ਸੰਬੰਧੀ DRCs ਆਪਣੇ ਜਿਲ੍ਹੇ ਦੀ ਰਿਪੋਰਟ ਜ਼ਿਲ੍ਹਾ ਸਿੱਖਿਆ ਅਫਸਰ(ਐ.ਸਿ) ਨੂੰ ਮਿਤੀ 20-12-2024 ਤਕ ਸਾਂਝੀ ਕਰਨਗੇ।

9.0. ਮੁੱਖ ਦਫਤਰ ਤੋਂ ਟੀਮਾਂ, ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿ.), ਸਮੂਹ ਪ੍ਰਿੰਸੀਪਲਜ਼ ਡਾਇਟ, ਉਪ-ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿ.), ਡਾਇਟ ਫੈਕਲਟੀ, BNOs ਅਤੇ ਸਮੂਹ Academic Support Group ਦੇ ਮੈਂਬਰ (DRCs ਅਤੇ BRCs) ਵੱਖ-ਵੱਖ ਸਕੂਲਾਂ ਵਿੱਚ ਕਰਵਾਏ ਜਾ ਰਹੇ ਮੇਲਿਆਂ ਦੀ ਮੋਨਿਟਰਿੰਗ/ ਵਿਜ਼ਿਟ ਕਰਨਗੇ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕਰਨਗੇ।

10.0. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਜ਼ਿਲ੍ਹੇ ਦੀ ਰਿਪੋਰਟ (ਸਮੇਤ ਤਸਵੀਰਾਂ) ਅਤੇ ਉਕਤ ਫੰਡਾਂ ਦਾ ਵਰਤੋਂ ਸਰਟੀਫਿਕੇਟ ਮਿਤੀ 31-12-2024 ਤੱਕ ਹੈੱਡ-ਆਫਿਸ ਵਿਖੇ scerttraining2@punjabeducation.gov.in ਤੇ ਸਬਮਿਟ ਕਰਨਗੇ।

11.0. ਇਹਨਾਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ਜੀ।

(ਅਮਨਿੰਦਰ ਕੌਰ, ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ.,
ਪੰਜਾਬ।

ਪਿਠ ਅੰਕਣ ਨੰ: ਉਕਤ
ਮਿਤੀ: 02-12-2024

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:

1. ਨਿ.ਸ/ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ।
2. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.) ਪੰਜਾਬ।
3. ਨਿ.ਸ/ਡਾਇਰੈਕਟਰ ਸਕੂਲ ਸਿੱਖਿਆ (ਐ.ਸਿ.) ਪੰਜਾਬ।

(ਅਮਨਿੰਦਰ ਕੌਰ, ਪੀ.ਸੀ.ਐਸ.)
ਡਾਇਰੈਕਟਰ, ਐਸ.ਸੀ.ਈ.ਆਰ.ਟੀ.,
ਪੰਜਾਬ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ ਸਿ) ਬਠਿੰਡਾ
ਪਿੱਠ ਅੰਕਣ ਨੰ ਡ-6/ 2024/ 4002 ਮਿਤੀ 03/12/2024

ਉਪਰੋਕਤ ਅੰਕਿਤ ਵਿਸ਼ੇ ਦੇ ਸਬੰਧ ਵਿੱਚ ਸਮੂਹ ਸਕੂਲ ਮੁੱਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਸਕੂਲਾਂ ਪੱਧਰ ਤੇ ਵੱਖ-ਵੱਖ ਵਿਸ਼ਿਆਂ ਦੇ fairs ਸਬੰਧੀ ਜਾਰੀ ਹਦਾਇਤਾਂ ਅਨੁਸਾਰ ਕਰਵਾਏ ਜਾਣੇ ਯਕੀਨੀ ਬਣਾਏ ਜਾਣ।

ਜ਼ਿਲ੍ਹਾ ਸਿੱਖਿਆ ਅਫਸਰ (ਸੈ ਸਿ)
ਬਠਿੰਡਾ
03/12/2024

Scanned with ACE Scanner

5.0. ਇਹਨਾਂ Subject fairs ਦੇ ਸੰਚਾਲਨ ਲਈ ਹੈੱਡ ਆਫਿਸ ਵੱਲੋਂ ਸਮੂਹ ਸਕੂਲਾਂ (ਮਿਡਲ/ ਹਾਈ/ ਸੀ.ਸੈ. ਸਕੂਲਾਂ) ਲਈ ਜ਼ਿਲ੍ਹਾਵਾਰ ਹੇਠ ਲਿਖੇ ਅਨੁਸਾਰ fund ਭੇਜੇ ਜਾ ਚੁੱਕੇ ਹਨ:

| District | No. of Upper Primary Sections | Funds allocated @ Rs 1200 per school for upper primary ਕੋਡ 5.5.1 - LEP (Class VI - VIII) | No. of Secondary Sections | Funds allocated @ Rs 2000 per school for Secondary (high) ਕੋਡ 3.1.3 - LEP (Class IX - XII) | No. of Higher Secondary Sections | Funds allocated @ Rs 2000 per school Higher Secondary ਕੋਡ 3.1.3 - LEP (Class IX - XII) | Total Fund allocated per district (in lacs) |
|---|---|---|---|---|---|---|---|
| Amritsar | 421 | 505200 | 238 | 476000 | 123 | 246000 | 12.272 |
| Barnala | 116 | 139200 | 93 | 186000 | 50 | 100000 | 4.252 |
| Bathinda | 279 | 334800 | 211 | 422000 | 143 | 286000 | 10.428 |
| Faridkot | 158 | 189600 | 87 | 174000 | 42 | 84000 | 4.476 |
| Fatehgarh Sahib | 218 | 261600 | 84 | 168000 | 48 | 96000 | 5.256 |
| Fazilka | 230 | 276000 | 158 | 316000 | 87 | 174000 | 7.66 |
| Firozpur | 230 | 276000 | 133 | 266000 | 74 | 148000 | 6.9 |
| Gurdaspur | 433 | 519600 | 211 | 422000 | 121 | 242000 | 11.836 |
| Hoshiarpur | 490 | 588000 | 272 | 544000 | 136 | 272000 | 14.04 |
| Jalandhar | 436 | 523200 | 279 | 558000 | 165 | 330000 | 14.112 |
| Kapurthala | 256 | 307200 | 133 | 266000 | 63 | 126000 | 6.992 |
| Ludhiana | 536 | 643200 | 348 | 696000 | 191 | 382000 | 17.212 |
| Malerkotla | 94 | 112800 | 55 | 110000 | 30 | 60000 | 2.828 |
| Mansa | 199 | 238800 | 141 | 282000 | 77 | 154000 | 6.748 |
| Moga | 242 | 290400 | 175 | 350000 | 97 | 194000 | 8.344 |
| Mohali | 211 | 253200 | 115 | 230000 | 61 | 122000 | 6.052 |
| Muktsar | 226 | 271200 | 158 | 316000 | 92 | 184000 | 7.712 |
| Nawanshahr | 214 | 256800 | 111 | 222000 | 66 | 132000 | 6.108 |
| Pathankot | 157 | 188400 | 86 | 172000 | 52 | 104000 | 4.644 |
| Patiala | 375 | 450000 | 214 | 428000 | 117 | 234000 | 11.12 |
| Rupnagar | 266 | 319200 | 123 | 246000 | 57 | 114000 | 6.792 |
| Sangrur | 273 | 327600 | 186 | 372000 | 110 | 220000 | 9.196 |
| Taran Taran | 268 | 321600 | 182 | 364000 | 92 | 184000 | 8.696 |
| Grand Total | 6328 | 7593600 | 3793 | 7586000 | 2094 | 4188000 | 193.676 |

(ਸ਼ਬਦਾਂ ਵਿੱਚ ਇੱਕ ਕਰੋੜ ਤਰਾਨਵੇਂ ਲੱਖ ਸਤਾਹਠ ਹਜ਼ਾਰ ਛੇ ਸੌ ਰੁਪਏ ਕੇਵਲ)

6.0. ਇਸ ਰਾਸ਼ੀ ਨੂੰ ਖਰਚ ਕਰਨ ਲਈ ਗਾਈਡਲਾਈਨਜ਼ ਹੇਠ ਲਿਖੇ ਅਨੁਸਾਰ ਹੈ:

6.1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਇਸ ਗ੍ਰਾਂਟ ਨੂੰ ਸਕੂਲ ਪੱਧਰ ਤੇ ਤੁਰੰਤ ਜਾਰੀ ਕਰਨਾ ਯਕੀਨੀ ਬਣਾਉਣਗੇ ਅਤੇ ਸਕੂਲ ਮੁੱਖੀ ਇਸ ਗ੍ਰਾਂਟ ਨੂੰ ਨਿਯਮਾਂ ਅਨੁਸਾਰ ਖਰਚ ਕਰਨਾ ਸੁਨਿਸ਼ਚਿਤ ਕਰਨਗੇ।

# Format of School / District Report for Subject Fair

1) Date of the fair

2) Grades covered

3) Number of students/ schools participated out of total students/schools

4) Major Objectives

5) Highlights of the initiative

6) Impact made qualitative as well as physical (number of schools, teachers/students etc)

7) Details of the official/ teacher involved in implementation of the intervention (Name, Designation, Contact No. & Email id)

8) Photographs along with a line description

# List of Suggestive Activities
## ਗਣਿਤ-6ਵੀਂ ਤੋਂ 8ਵੀਂ

| ਲੜੀ ਨੰ. | ਐਕਟੀਵਿਟੀ ਦਾ ਨਾਂ | ਜਮਾਤ |
|---|---|---|
| 1 | ਸੰਖਿਆਵਾਂ ਦਾ ਨਿਕਟੀਕਰਨ ਕਰਨਾ | ਛੇਵੀਂ |
| 2 | ਪਾਸੇ ਨਾਲ ਸੰਬੰਧਤ ਪ੍ਰਯੋਗ। | ਛੇਵੀਂ |
| 3 | ਤਿਆਰ ਬਾਰੰਬਾਰਤਾ ਸਾਰਣੀ ਤੋਂ ਛੜ-ਗ੍ਰਾਫ ਤਿਆਰ ਕਰਨਾ | ਛੇਵੀਂ |
| 4 | ਪੇਪਰ ਫੋਲਡਿੰਗ ਵਿਧੀ ਰਾਹੀਂ ਬਾਹਰੀ ਬਿੰਦੂ ਤੋਂ ਰੇਖਾ ਤੇ ਲੰਬ ਖਿਚਣਾ। | ਛੇਵੀਂ |
| 5 | ਗ੍ਰਾਫ ਪੇਪਰ ਅਤੇ ਬਿੰਦੂਆਂ ਦੀ ਸਹਾਇਤਾ ਨਾਲ ਵੱਖ-ਵੱਖ ਰੰਗੋਲੀ ਪੈਟਰਨਾਂ ਦੀ ਰਚਨਾ। | ਛੇਵੀਂ |
| 6 | ਅਸਮਾਨ (irregular) ਆਕ੍ਰਿਤੀਆਂ ਦਾ ਖੇਤਰਫਲ (Area) | ਛੇਵੀਂ |
| 7 | ਪਹਾੜਿਆਂ ਦੀ ਵਰਤੋਂ ਨਾਲ ਵਿਦਿਆਰਥੀਆਂ ਨੂੰ ਇਕਾਈ ਦੀ ਵਿਧੀ ਬਾਰੇ ਸਮਝਾਉਣਾ। | ਛੇਵੀਂ |
| 8 | ਇੱਕ ਦਿੱਤੀ ਹੋਈ ਰੇਖਾ ਦੇ ਸਮਾਂਤਰ ਉਸ ਬਿੰਦੂ ਤੋਂ ਰੇਖਾ ਖਿਚਣਾ ਜੋ ਇੱਕ ਰੇਖਾ ਉੱਤੇ ਸਥਿਤ ਨਹੀਂ ਹੈ। | ਛੇਵੀਂ |
| 9 | ਪਰਿਮਾਪ ਪਤਾ ਕਰਨਾ(ਬੰਦ ਆਕ੍ਰਿਤੀਆਂ ਦਾ ਪਰਿਮਾਪ) | ਛੇਵੀਂ |
| 10 | ਸੰਪੂਰਨ ਸੰਖਿਆਵਾਂ ਨੂੰ ਸਮਝਣ ਬਾਰੇ | ਛੇਵੀਂ |
| 11 | ਸੰਪੂਰਨ ਸੰਖਿਆਵਾਂ ਦਾ ਜੋੜ ਅਤੇ ਘਟਾਓ | ਛੇਵੀਂ |
| 12 | ਲ.ਸ.ਵ.ਪਤਾ ਕਰਨ ਬਾਰੇ। | ਛੇਵੀਂ |
| 13 | ਪੂਰਨ ਸੰਖਿਆਵਾਂ ,ਪ੍ਰਾਕ੍ਰਿਤਿਕ ਸੰਖਿਆਵਾਂ ,ਗੁਣਜ ਅਤੇ ਗੁਣਨਖੰਡ ਦੀ ਜਾਣਕਾਰੀ ਦੇਣ ਬਾਰੇ | ਛੇਵੀਂ |
| 14 | ਮ.ਸ.ਵ. ਅਤੇ ਲ.ਸ.ਵ. ਪਤਾ ਕਰਨ ਬਾਰੇ । | ਛੇਵੀਂ |
| 15 | ਸੰਪੂਰਨ ਸੰਖਿਆਵਾਂ ਅਤੇ ਉਹਨਾ ਦੇ ਦਸ਼ਮਲਵ ਰੂਪ ਨੂੰ ਸੰਖਿਆਂ ਰੇਖਾ ਤੇ ਨਿਰੂਪਣ ਕਰਨ ਬਾਰੇ। | ਛੇਵੀਂ |
| 16 | ਵੱਖ- ਵੱਖ ਕੋਣਾਂ ਨੂੰ ਕਿਰਿਆ ਰਾਹੀਂ ਜਾਣਨਾ। | ਛੇਵੀਂ |
| 17 | ਸਮਮਿਤੀ ਰੇਖਾਵਾਂ ਬਾਰੇ ਜਾਣਕਾਰੀ। | ਛੇਵੀਂ |
| 18 | ਸਰਲ ਸਮੀਕਰਣ ਨੂੰ ਹੱਲ ਕਰਨਾ । | ਛੇਵੀਂ |
| 19 | ਸੰਯੋਗ ਅਤੇ ਸੰਭਾਵਨਾ ਬਾਰੇ ਸਮਝਾਉਣਾ । | ਸੱਤਵੀਂ |
| 20 | ਜਾਦੂਈ ਵਰਗ ਬਨਾਉਣਾ | ਸੱਤਵੀਂ |
| 21 | ਦਸ਼ਮਲਵ ਦੀ ਸਥਾਨਕ ਮੁੱਲ ਸਾਰਣੀ ਤਿਆਰ ਕਰਨਾ | ਸੱਤਵੀਂ |
| 22 | ਸਮਚਤੁਰਭੁਜ ਦਾ ਖੇਤਰਫਲ | ਸੱਤਵੀਂ |
| 23 | ਸਮਾਂਤਰ ਚਤਰਭੁਜ ਦੇ ਖੇਤਰਫਲ ਦਾ ਸੂਤਰ ਸਥਾਪਿਤ ਕਰਨਾ। | ਸੱਤਵੀਂ |
| 24 | ਠੋਸ ਆਕ੍ਰਿਤੀਆਂ ਦਾ ਚਿਤਰਣ | ਸੱਤਵੀਂ |
| 25 | ਭਿੰਨ ਦੀ ਪੂਰਨ ਸੰਖਿਆ ਨਾਲ ਗੁਣਾ | ਸੱਤਵੀਂ |
| 26 | ਆਕ੍ਰਿਤੀਆਂ ਦੀ ਜਾਣ ਪਹਿਚਾਣ | ਸੱਤਵੀਂ |
| 27 | ਪੇਪਰ ਫੋਲਡਿੰਗ ਵਿਧੀ ਰਾਹੀਂ ਦਿੱਤੀ ਰੇਖਾ ਦੇ ਸਮਾਂਤਰ ਰੇਖਾ ਖਿੱਚਣ ਬਾਰੇ। | ਸੱਤਵੀਂ |
| 28 | ਸਰਬੰਗਸਮਤਾ ਨਿਯਮ ਦੀ ਜਾਣਕਾਰੀ ਦੇਣ ਬਾਰੇ। | ਸੱਤਵੀਂ |
| 29 | ਭਿੰਨਾਂ ਦੀ ਭਾਗ ਬਾਰੇ । | ਸੱਤਵੀਂ |
| 30 | ਪੇਪਰ ਮੜਨ ਦੀ ਵਿਧੀ ਰਾਹੀਂ $2^0$, $2^1$, $2^2$ ..................... ਦੀ ਮੁੱਲ ਪਤਾ ਕਰੋ. | ਸੱਤਵੀਂ |
| 31 | ਸਮਾਂਤਰ ਰੇਖਾਵਾਂ ਨਾਲ ਖੇਡਣਾ | ਸੱਤਵੀਂ |

# List of Suggestive Activities
## ਗਣਿਤ-9ਵੀਂ ਤੋਂ 10ਵੀਂ

| ਲੜੀ ਨੰਬਰ | ਐਕਟੀਵਿਟੀ ਦਾ ਨਾਂ | ਜਮਾਤ |
|---|---|---|
| 1 | ਚੱਕਰੀ ਚਤੁਰਭੁਜ ਦੇ ਸਨਮੁਖ ਕੋਣਾਂ ਦਾ ਜੋੜ 180° ਹੁੰਦਾ ਹੈ। | ਨੌਵੀਂ |
| 2 | ਇਕੋ ਅਧਾਰ ਤੇ ਦੋ ਸਮਾਂਤਰ ਰੇਖਾਵਾਂ ਵਿਚਕਾਰ ਦੋ ਸਮਾਂਤਰ ਚਤੁਰਭੁਜਾਵਾਂ ਦਾ ਖੇਤਰਫਲ ਬਰਾਬਰ ਹੁੰਦਾ ਹੈ। | ਨੌਵੀਂ |
| 3 | ਤਿੰਨ ਅਸਮਰੇਖੀ ਬਿੰਦੂਆਂ ਵਿੱਚੋਂ ਲੰਘਦਾ ਹੋਇਆ ਚੱਕਰ ਖਿੱਚਣਾ। | ਨੌਵੀਂ |
| 4 | ਚੱਕਰ ਦੇ ਕੇਂਦਰ ਤੋਂ ਜੀਵਾ ਤੇ ਖਿੱਚਿਆ ਲੰਬ ਜੀਵਾ ਨੂੰ ਸਮਦੋਭਾਜਕ ਕਰਦਾ ਹੈ। | ਨੌਵੀਂ |
| 5 | ਇੱਕ ਅਜਿਹੇ ਤ੍ਰਿਭੁਜ ਦੀ ਰਚਨਾ ਕਰੋ ਜਿਸਦਾ ਪਰਿਮਾਪ ਅਤੇ ਦੋਵੇਂ ਅਧਾਰ ਕੋਣ ਦਿੱਤੇ ਹੋਣ। | ਨੌਵੀਂ |
| 6 | ਕਿਸੇ ਚਾਪ ਦੁਆਰਾ ਕੇਂਦਰ ਤੇ ਬਣਿਆ ਕੋਣ ਉਸ ਦੁਆਰਾ ਚੱਕਰ ਦੇ ਬਾਕੀ ਹਿੱਸੇ ਦੇ ਕਿਸੇ ਬਿੰਦੂ ਤੇ ਬਣੇ ਕੋਣ ਦਾ ਦੁੱਗਣਾ ਹੁੰਦਾ ਹੈ। | ਨੌਵੀਂ |
| 7 | ਚੱਕਰ ਦੀਆਂ ਬਰਾਬਰ ਜੀਵਾਵਾਂ ਕੇਂਦਰ ਤੇ ਬਰਾਬਰ ਕੋਣ ਬਣਾਉਂਦੀਆਂ ਹਨ। | ਨੌਵੀਂ |
| 8 | ਕਿਸੇ ਇੱਕ ਬਿਖਮਭੁਜੀ ਤ੍ਰਿਭੁਜ ਦਾ ਖੇਤਰਫਲ ਪਤਾ ਕਰਨਾ। | ਨੌਵੀਂ |
| 9 | ਕਾਰਟੀਜ਼ੀਅਨ ਸਮਤਲ ਤੇ ਗਰਾਫ ਖਿੱਚਣਾ। | ਨੌਵੀਂ |
| 10 | ਪਰਿਮੇਯ ਸੰਖਿਆਂ ਨੂੰ ਸੰਖਿਆ ਰੇਖਾ ਉੱਤੇ ਦਰਸਾਉਣਾ | ਨੌਵੀਂ |
| 11 | ਕਾਟਵੀਂ ਰੇਖਾ ਦੁਆਰਾ ਦੋ ਸਮਾਂਤਰ ਰੇਖਾਵਾਂ ਨਾਲ ਬਣਾਏ ਗਏ ਕੋਣਾਂ ਵਿਚਕਾਰ ਸੰਬੰਧ ਬਾਰੇ ਜਾਨਣਾ। | ਨੌਵੀਂ |
| 12 | ਨਿਰਦੇਸ਼ ਅੰਕ ਸਬੰਧੀ ਜਾਣਕਾਰੀ ਦੇਣਾ | ਨੌਵੀਂ |
| 13 | ਪੂਰਨ ਚੱਕਰੀ ਕੋਣ ਦਾ ਗਿਆਨ ਦੇਣਾ | ਨੌਵੀਂ |
| 14 | ਮੱਧਿਕਾ ਸਬੰਧੀ ਜਾਣਕਾਰੀ | ਨੌਵੀਂ |
| 15 | ਯੂਕਲਿਡ ਜਮਾਇਤੀ ਦੀਆਂ ਮੂਲ ਧਾਰਨਾਵਾਂ ਬਾਰੇ | ਨੌਵੀਂ |
| 16 | ਯੂਕਲਿਡ ਜਮਾਇਤੀ ਦਾ ਸੰਕਲਪ ਪਲਾਈ ਪੇਅਰ ਵਿਧੀ ਰਾਹੀ | ਨੌਵੀਂ |
| 17 | ਸ਼ੰਕੂ ਦੀ ਤਿਰਛੀ ਉਚਾਈ ਦਾ ਸੂਤਰ ਸਥਾਪਤ ਕਰਨਾ | ਨੌਵੀਂ |
| 18 | ਬੇਲਨ ਦੇ ਆਇਤਨ ਦਾ ਸੂਤਰ ਸਥਾਪਿਤ ਕਰਨਾ | ਨੌਵੀਂ |
| 19 | ਵਿਚਲਨ ਸੀਮਾ ਬਾਰੇ ਜਾਣੂ ਕਰਵਾਉਣਾ | ਨੌਵੀਂ |
| 20 | ਕਲਾਈਨੋਮੀਟਰ ਬਾਰੇ ਜਾਣ ਪਛਾਣ | ਨੌਵੀਂ |
| 21 | ਬੁਹੁਲਕ ਸਬੰਧੀ ਜਾਣਕਾਰੀ ਬਾਰੇ | ਨੌਵੀਂ |
| 22 | $(a+b+c)^2$ ਦੇ ਸੂਤਰ ਨੂੰ ਸਿੱਧ ਕਰਨਾ। | ਨੌਵੀਂ |
| 23 | ਅਪਰਿਮੇਯ ਸੰਖਿਆਵਾਂ ਨੂੰ ਸੰਖਿਆ ਰੇਖਾ ਤੇ ਨਿਰੂਪਤ ਕਰਨਾ। | ਨੌਵੀਂ |
| 24 | ਜੇਕਰ ਸਮਾਂਤਰ ਚਤੁਰਭੁਜ ਦੇ ਦੋਨੇ ਵਿਕਰਣ ਬਰਾਬਰ ਹੋ ਜਾਣ ਤਾਂ ਉਹ ਆਇਤ ਬਣ ਜਾਂਦੀ ਹੈ। | ਨੌਵੀਂ |
| 25 | ਮਾਡਲ ਦੀ ਸਹਾਇਤਾ ਨਾਲ ਬੀਜਗਣਿਤਕ ਤਤਸਮਕ $(a+b)^3=a^3+b^3+3a^2b+3ab^2$ ਨੂੰ ਸਮਝਣਾ। | ਨੌਵੀਂ |
| 26 | ਕਿਰਿਆ :ਕਿਸੇ ਤ੍ਰਿਭੁਜ ਦੀਆਂ ਦੋ ਭੁਜਾਵਾਂ ਦੇ ਮੱਧ ਬਿੰਦੂਆਂ ਨੂੰ ਮਿਲਾਉਣ ਤੇ ਬਣਿਆ ਰੇਖਾਖੰਡ ਤੀਸਰੀ ਭੁਜਾ ਦੇ ਸਮਾਂਤਰ ਅਤੇ ਉਸ ਤੋਂ ਅੱਧਾ ਹੁੰਦਾ ਹੈ। | ਨੌਵੀਂ |
| 27 | ਇੱਕ ਹੀ ਅਧਾਰ ਅਤੇ ਦੋ ਸਮਾਂਤਰ ਰੇਖਾਵਾਂ ਵਿਚ ਬਣੇ ਸਮਾਂਤਰ ਚਤੁਰਭੁਜਾਂ ਦਾ ਖੇਤਰਫਲ ਬਰਾਬਰ ਹੁੰਦਾ ਹੈ। | ਨੌਵੀਂ |

| | | |
|---|---|---|
| 32 | ਕਾਟਵੀ ਰੇਖਾਵਾਂ ਬਾਰੇ ਜਾਣਕਾਰੀ | ਸੱਤਵੀਂ |
| 33 | ਲੰਬ ਦੀ ਸਥਿਤੀ ਲੱਭਣਾ | ਸੱਤਵੀਂ |
| 34 | ਪਾਇਥਾਗੋਰਸ ਸਿਧਾਂਤ ਨੂੰ ਕਿਰਿਆ ਰਾਹੀ ਸਮਝਣਾ | ਸੱਤਵੀਂ |
| 35 | ਸਰਬੰਗਸਮਤਾ ਦੀ ਜਾਣਕਾਰੀ (ਮੌਖਿਕ) | ਸੱਤਵੀਂ |
| 36 | ਤ੍ਰਿਭੁਜਾ ਦੀ ਸਰਬੰਗਸਮਤਾ ਨਿਯਮ ਬਾਰੇ ਜਾਣਨਾ | ਸੱਤਵੀਂ |
| 37 | ਕਿਰਿਆ ਰਾਹੀ ਲੰਬ ਦੀ ਸਥਿਤੀ ਸਪਸ਼ਟ ਕਰਨਾ । | ਸੱਤਵੀਂ |
| 38 | ਪੇਪਰ ਮੋੜਨ ਦੀ ਕਿਰਿਆ ਨਾਲ $3^0, 3^1, 3^2, \ldots$ ਦਾ ਮੁੱਲ ਪਤਾ ਕਰਨਾ । | ਸੱਤਵੀਂ |
| 39 | ਮਾਡਲ ਰਾਹੀ ਵੱਖ-ਵੱਖ ਸੰਪੂਰਕ ਕੋਣ ਪ੍ਰਾਪਤ ਕਰਨੇ । | ਸੱਤਵੀਂ |
| 40 | ਕਾਟਵੀਆਂ ਰੇਖਾਵਾਂ ਅਤੇ ਸਮਾਤਰ ਰੇਖਾਵਾਂ ਦੀ ਵਰਤੋ । | ਸੱਤਵੀਂ |
| 41 | ਘੁੰਮਣ ਸਮਮਿਤੀ ਨੂੰ ਕਿਰਿਆ ਰਾਹੀਂ ਸਮਝਣਾ । | ਸੱਤਵੀਂ |
| 42 | ਚੱਕਰੀ ਚਤੁਰਭੁਜ ਦੇ ਸਨਮੁੱਖ ਕੋਣਾ ਦਾ ਜੋੜ | ਅੱਠਵੀਂ |
| 43 | ਸਿੱਧੇ ਸਮਾਨ ਅਨੁਪਾਤ ਦੀ ਵਰਤੋਂ ਨਾਲ ਕਿਸੇ ਵਸਤੂ ਦੀ ਉਚਾਈ ਦਾ ਅੰਦਾਜ਼ਾ ਲਗਾਉਣਾ | ਅੱਠਵੀਂ |
| 44 | ਵਰਗਾਂ ਨੂੰ ਗਿਣਕੇ ਅੰਦਾਜ਼ਨ ਖੇਤਰਫਲ ਪਤਾ ਕਰਨਾ। | ਅੱਠਵੀਂ |
| 45 | ਸਮਲੰਬ ਚਤੁਰਭੁਜ ਦੇ ਖੇਤਰਫਲ ਦਾ ਸੂਤਰ ਸਥਾਪਿਤ ਕਰਨਾ। | ਅੱਠਵੀਂ |
| 46 | ਬਹੁਭੁਜ ਦੇ ਅੰਦਰਲੇ ਅਤੇ ਬਾਹਰਲੇ ਕੋਣਾਂ ਦਾ ਜੋੜ। | ਅੱਠਵੀਂ |
| 47 | ਬੇਲਨ ਦੀ ਸਤਾਹ ਦਾ ਖੇਤਰਫਲ ਪਤਾ ਕਰਨਾ । | ਅੱਠਵੀਂ |
| 48 | ਘਾਤ-ਅੰਕ ਅਤੇ ਘਾਤ | ਅੱਠਵੀਂ |
| 49 | ਠੋਸਾਂ ਨਾਲ ਜਾਣ-ਪਹਿਚਾਣ | ਅੱਠਵੀਂ |
| 50 | ਛੜ ਗ੍ਰਾਫ ਅਤੇ ਆਇਤ ਚਿੱਤਰ ਦੀ ਜਾਣਕਾਰੀ ਦੇਣ ਬਾਰੇ। | ਅੱਠਵੀਂ |
| 51 | ਪਰਿਮੇਯ ਸੱਖਿਆਵਾਂ ਦਾ ਜੋੜ ਅਤੇ ਘਟਾਓ ਬਾਰੇ । | ਅੱਠਵੀਂ |
| 52 | ਸੈੱਟ ਸੁਕੇਅਰ ਦੀ ਵਰਤੋਂ ਕਰਕੇ ਕਿਸੇ ਬਿੰਦੂ ਦੇ ਨਿਰਦੇਸ਼ ਅੰਕ ਲੱਭਣਾ | ਅੱਠਵੀਂ |
| 53 | ਬਹੁਪਦ ਸੰਬੰਧੀ ਪੂਰਨ ਜਾਣਕਾਰੀ ਦੇਣਾ। | ਅੱਠਵੀਂ |
| 54 | ਦੋ ਪਸਾਰੀ ਨੈੱਟ ਤੋਂ ਠੋਸ ਆਕ੍ਰਿਤੀਆਂ ਬਣਾ ਕੇ ਸਿਖਰਾਂ, ਕਿਨਾਰਿਆਂ ਅਤੇ ਪਾਸਿਆਂ ਦੀ ਗਿਣਤੀ ਪਤਾ ਕਰਨੀ । | ਅੱਠਵੀਂ<br>ਅੱਠਵੀਂ |
| 55 | ਤਤਸਮਕ $a^2 - b^2 = (a+b)(a-b)$ ਸਿੱਧ ਕਰਨਾ | ਅੱਠਵੀਂ |
| 56 | ਮਾਡਲ ਰਾਹੀ ਬੀਜਗਣਿਤਕ ਤਤਸਮਕ $(a-b)^2 = a^2 - 2ab + b^2$ ਬਾਰੇ ਸਮਝਾਉਣਾ। | ਅੱਠਵੀਂ |
| 57 | ਮੈਨੂੰ ਤੁਹਾਡੀ ਜਨਮ ਮਿਤੀ ਪਤਾ ਹੈ। | ਅੱਠਵੀਂ |
| 58 | ਵਰਗ ਅਤੇ ਵਰਗਮੂਲ ਬਾਰੇ ਜਾਣੂ ਕਰਵਾਉਣਾ। | ਅੱਠਵੀਂ |

| | | |
|---|---|---|
| | | ਦਸਵੀਂ |
| 28 | ਸੰਭਾਵਨਾ ਚੱਕਰ ਨੂੰ ਘੁਮਾਓ | ਦੱਸਵੀਂ |
| 29 | ਸ਼ੰਕੂ ਦਾ ਛਿਣਕ ਤਿਆਰ ਕਰਨਾ | ਦੱਸਵੀਂ |
| 30 | ਮੂਲ ਸਮਾਨ ਅਨੁਪਾਤਤਾ ਸਿੱਧ ਕਰਨਾ | ਦੱਸਵੀਂ |
| 31 | ਨਿਵਾਨ ਕੋਣ ਦੀ ਪਹਿਚਾਣ | ਦੱਸਵੀਂ |
| 32 | ਪਾਇਥਾਗੋਰਸ ਥਿਊਰਮ ਦਾ ਵਰਕਿੰਗ ਮਾਡਲ ਤਿਆਰ ਕਰਨਾ | ਦਸਵੀਂ |
| 33 | ਲੁਡੋ ਦੀ ਗੀਟੀ ਜਾਂ ਪਾਸੇ ਨਾਲ ਸੰਭਾਵਨਾ ਪਤਾ ਕਰਨਾ | ਦਸਵੀਂ |
| 34 | ਅੰਕਗਣਿਤਕ ਲੜੀ ਦੀ ਪਹਿਚਾਣ ਕਰਨਾ ਅਤੇ ਉਸ ਸਬੰਧੀ ਜਾਣਕਾਰੀ ਲੈਣਾ | ਦਸਵੀਂ |
| 35 | ਅੰਕਗਣਿਤਕ ਲੜੀ ਦਾ ਅਵਾਂ ਪਦ ਪਤਾ ਕਰਨ ਦਾ ਸੂਤਰ ਸਥਾਪਿਤ ਕਰਨਾ | ਦਸਵੀਂ |
| 36 | ਉਚਾਈਆਂ ਅਤੇ ਦੂਰੀਆਂ ਸਬੰਧੀ ਇੱਕ ਦਿਲਚਸਪ ਵਿਧੀ | ਦਸਵੀਂ |
| 37 | ਕੁਝ ਵਿਸ਼ੇਸ਼ ਕੋਣਾ ਤੇ ਤ੍ਰਿਕੋਣਮਿਤੀ ਅਤੇ ਅਨੁਪਾਤਾਂ ਬਾਰੇ | ਦੱਸਵੀਂ |
| 38 | ਖੇਡ ਖੇਡ ਵਿੱਚ ਹੱਥ ਦੀਆਂ ਉਂਗਲਾਂ ਦੀ ਵਰਤੋਂ ਕਰਕੇ ਤ੍ਰਿਕੋਣਮਿਤੀ ਅਨੁਪਾਤਾਂ ਦਾ ਮੁੱਲ ਪਤਾ ਕਰਨ ਬਾਰੇ | ਦੱਸਵੀਂ |
| 39 | ਦੋ ਘਾਤੀ ਸਮੀਕਰਣਾਂ ਦੇ ਗੁਣਨਖੰਡ ਬਾਰੇ | ਦੱਸਵੀਂ |
| 40 | ਚਿੱਤਰਾਂ ਦੀ ਸਮਰੂਪਤਾ ਸਮਝਣ ਲਈ ਕਿਰਿਆ | ਦੱਸਵੀਂ |
| 41 | ਬਿੰਦੂਆਂ (ਨਿਰਦੇਸ਼ ਅੰਕਾਂ) ਦੀ ਖੇਡ | ਦੱਸਵੀਂ |
| 42 | ਬਾਹਰੀ ਬਿੰਦ ਤੋਂ ਚੱਕਰ ਤੇ ਖਿੱਚੀਆਂ ਸਪਰਸ਼ ਰੇਖਾਵਾਂ ਦੀ ਲੰਬਾਈਆਂ ਬਰਾਬਰ ਹੁੰਦੀਆਂ ਹਨ | ਦੱਸਵੀਂ |
| 43 | ਅਰਧ ਵਿਆਸੀ ਖੰਡ ਦਾ ਖੇਤਰਫਲ | ਦੱਸਵੀਂ |
| 44 | ਇੱਕ ਠੋਸ ਆਕਾਰ ਦਾ ਦੂਜੇ ਠੋਸ ਆਕਾਰ ਵਿੱਚ ਰੂਪਾਂਤਰਨ ਸਬੰਧੀ | ਦਸਵੀਂ |
| 45 | ਚੱਕਰ ਦੀ ਚਾਪ ਦੁਆਰਾ ਕੇਂਦਰ ਅਤੇ ਘੇਰੇ ਤੇ ਬਣੇ ਕੋਣਾਂ ਦਾ ਸਬੰਧ। | ਦਸਵੀਂ |
| 46 | ਸਮਰੂਪ ਤ੍ਰਿਭੁਜਾਂ ਦੀ ਰਚਨਾ ਕਰਨਾ। | ਦਸਵੀਂ |
| 47 | ਕੁੱਝ ਵਿਸ਼ੇਸ਼ ਕੋਣਾਂ ਦੇ ਤਿਕੋਣਮਿਤੀ ਅਨੁਪਾਤ ਪਤਾ ਕਰਨਾ। | ਦਸਵੀਂ |
| 48 | ਬਿਲਡਿੰਗ ਤੇ ਲੱਗੇ ਝੰਡੇ ਦੀ ਲੰਬਾਈ ਪਤਾ ਕਰਨਾ। | ਦਸਵੀਂ |
| 49 | ਕਿਰਿਆ: ਗੋਲੇ ਦਾ ਆਇਤਨ ਪਤਾ ਕਰਨਾ। | ਦਸਵੀਂ |
| 50 | ਕਿਰਿਆ: ਚੱਕਰ ਦੇ ਅਰਧਵਿਆਸੀ ਖੰਡ ਦਾ ਖੇਤਰਫਲ ਅਤੇ ਚਾਪ ਦੀ ਲੰਬਾਈ ਪਤਾ ਕਰਨਾ । | ਦਸਵੀਂ |
| 51 | ਸੈਕਸ਼ਨ ਫਾਰਮੂਲੇ ਦੀ ਵਰਤੋਂ ਕਰਕੇ ਬਿੰਦੂ ਪਤਾ ਕਰਨਾ ਅਤੇ ਉਸਦੀ ਪੜਤਾਲ ਕਰਨਾ। | |

ਉਪਰੋਕਤ ਗਤੀਵਿਧੀਆਂ ਤੋਂ ਇਲਾਵਾ ਗਣਿਤ ਅਧਿਆਪਕ ਹੇਠ ਲਿਖੇ ਕਿਸੇ sub theme ਤੇ ਵੀ ਮਾਡਲ ਤਿਆਰ ਕਰਵਾ ਸਕਦੇ ਹਨ :

i. Recreational Mathematics
ii. Mathematical Modeling
iii. Math Games and Puzzles
iv. Integrating Math with IT
v. Real Life Application of Math

## Science Fair Activities

1. ਇਸ Fair ਵਿੱਚ 6ਵੀ ਤੋ 10ਵੀ ਜਮਾਤ ਤੱਕ ਦੀਆਂ ਕਿਤਾਬ ਵਿੱਚ ਨਵੰਬਰ ਮਹੀਨੇ ਤੱਕ ਦਰਜ ਕਿਰਿਆਵਾਂ ਦੀ ਪ੍ਰਦਰਸ਼ਨੀ ਵਿਦਿਆਰਥੀਆਂ ਵੱਲੋਂ ਲਗਾਈ ਜਾਣੀ ਹੈ। ਹਰ ਸਕੂਲ ਵਿੱਚ ਇਹ Activity Fair ਲਾਜ਼ਮੀ ਤੌਰ ਤੇ ਲਗਾਇਆ ਜਾਣਾ ਹੈ ਅਤੇ ਇਸ Activity Fair ਵਿੱਚ 6ਵੀ ਜਮਾਤ ਤੋ 10ਵੀ ਜਮਾਤ ਤੱਕ ਦੇ ਹਰੇਕ ਵਿਦਿਆਰਥੀ ਦਾ ਭਾਗ ਲੈਣਾ ਲਾਜ਼ਮੀ ਹੋਵੇਗਾ।
2. ਉਕਤ ਕਿਰਿਆਵਾਂ ਤੋਂ ਇਲਾਵਾ ਵਿਦਿਆਰਥੀ **"Science and Technology for Sustainable Future"** ਥੀਮ ਅਧੀਨ ਹੇਠ ਲਿਖੇ ਸਬ-ਥੀਮਾਂ ਤੇ ਮਾਡਲ ਤਿਆਰ ਕਰ ਸਕਦੇ ਹਨ:
    1. Food, Health and Hygiene
    2. Transport and Communication
    3. Natural Framing
    4. Disaster Management
    5. Mathematical Modeling and Computational Thinking
    6. Waste Management
    7. Resources Management
3. ਵਿਗਿਆਨ Activity Fair ਦੌਰਾਨ ਗਤੀਵਿਧੀ ਪ੍ਰਦਰਸਿਤ ਕਰ ਰਹੇ ਵਿਦਿਆਰਥੀ visitors' ਨੂੰ ਆਪਣੀ ਗਤੀਵਿਧੀ ਬਾਰੇ ਪੂਰੀ ਤਰ੍ਹਾਂ ਜਾਣੂ ਕਰਵਾਉਣਗੇ। ਇਸ ਸੰਬੰਧੀ ਅਧਿਆਪਕ ਦੁਆਰਾ ਵਿਦਿਆਰਥੀਆਂ ਦੀ ਪੂਰੀ ਤਿਆਰੀ ਕਰਵਾਈ ਜਾਵੇ।
4. Activity ਪ੍ਰਦਰਸ਼ਿਤ ਕਰ ਰਹੇ ਹਰੇਕ ਵਿਦਿਆਰਥੀ ਅਤੇ ਸਕੂਲ ਦੀ ਹੋਰ ਜਮਾਤਾਂ ਦੇ ਵਿਦਿਆਰਥੀਆਂ ਦੀ ਹਰੇਕ ਗਤੀਵਿਧੀ ਦੀ ਵਿਜਿਟ ਯਕੀਨੀ ਬਣਾਈ ਜਾਵੇ ਤਾਂ ਜੋ ਉਨ੍ਹਾਂ ਦੇ ਗਿਆਨ ਵਿੱਚ ਵਾਧਾ ਹੋ ਸਕੇ।
5. Activity Fair ਦੌਰਾਨ Heat ਵਾਲੀਆਂ ਕਿਰਿਆਵਾਂ ਕਰਵਾਉਂਦੇ ਸਮੇਂ Double bench ਦੀ ਵਰਤੋਂ ਕੀਤੀ ਜਾਵੇ ਤਾਂ ਜੋ ਵਿਦਿਆਰਥੀ ਅਤੇ ਜਲਣਸ਼ੀਲ ਪਦਾਰਥ ਵਿੱਚ ਉਚਿਤ ਦੂਰੀ ਬਣੀ ਰਹੇ।
6. Activity Fair ਸਮੇਂ ਜਲਣਸ਼ੀਲ ਪਦਾਰਥ ਨੇੜੇ ਪਾਣੀ ਦੀ ਅਤੇ ਰੇਤ ਦੀ ਭਰੀ ਬਾਲਟੀ ਦਾ ਪ੍ਰਬੰਧ ਹੋਵੇ ਅਤੇ ਉੱਥੇ ਕਿਸੇ ਹੋਰ ਵਿਸ਼ੇ ਨਾਲ ਸਬੰਧਤ ਇੱਕ ਜਾਂ ਦੋ ਅਧਿਆਪਕਾਂ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਉਹ ਮੁਕੰਮਲ ਨਿਗਰਾਨੀ ਰੱਖ ਸਕਣ ਅਤੇ ਡਿਊਟੀ ਦਾ ਇੰਦਰਾਜ ਆਰਡਰ ਬੁੱਕ ਵਿੱਚ ਕੀਤਾ ਜਾਵੇ।
7. ਵਿਗਿਆਨ ਦੇ ਪ੍ਰਸਾਰ ਨੂੰ ਮੁੱਖ ਰੱਖਦੇ ਹੋਏ ਸਕੂਲ ਮੁਖੀ ਸਮੂਹ ਸਕੂਲ ਸਟਾਫ਼ ਦੀ Science Activity Fair ਵਿੱਚ ਸਮੂਲੀਅਤ ਸੁਨਿਸ਼ਚਿਤ ਕਰਨ।
8. ਸਕੂਲ ਮੁਖੀ ਆਪਣੇ ਕੰਪਲੈਕਸ ਮਿਡਲ ਸਕੂਲਾਂ ਵਿੱਚ Science Activity Fair ਦੀ ਕਰਨਗੇ ਅਤੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਨਗੇ।

**English Fair: some suggestive activities**

1. English through Art
2. Book review exhibition
3. Newspaper Article model
4. Grammar rules at a Glance
5. Word formation chart
6. Dialogue writing chart
7. Tense clock model
8. Role-play
9. Storytelling with props
10. A brief biography of some famous writers and poets
11. Charts, models/working models – Grammar, Poetry, Prose, Story, Notice, Paragraph, Application, etc.
12. Writing Corner (Display the English subject notebooks of the students having good handwriting)
13. Developing stories from given things or characters
14. See the picture and tell the English name
15. Flash Cards
16. Tongue Twisters
17. Dumb charades
18. Pass the Parcel
19. Time-telling
20. Simon Says
21. Riddles
22. Spin and Speak
23. Poetry recitation
24. Idioms
25. Mind Maps
26. Word Antaksharichari
27. Author/Poetry Wall (ਚਾਰਟ ਪੇਪਰ ਨੂੰ ਜੋੜ ਕੇ ਇੱਕ ਕੰਧ ਤਿਆਰ ਕਰ ਲਈ ਜਾਵੇ। ਸਿਲੇਬਸ ਚ ਦਿੱਤੇ Authors and Poets ਬਾਰੇ ਉਸ ਕੰਧ ਤੇ ਲਿਖਿਆ ਜਾਵੇ ਅਤੇ ਉਹਨਾਂ ਦੀਆਂ pictures ਵੀ ਲਗਾਈਆਂ ਜਾਣ।

## SST Fair-Some Suggestive Activities

ਵਿਦਿਆਰਥੀਆਂ ਦੀ ਸਹਾਇਤਾ ਲਈ ਸਮਾਜਿਕ ਵਿਗਿਆਨ ਵਿਸ਼ੇ ਨਾਲ ਸਬੰਧਤ ਟਾਪਿਕਸ ਦੀ ਸੂਚੀ ਹੇਠ ਲਿਖੇ ਅਨੁਸਾਰ ਹੈ:

1. ਰਾਜ/ਰਾਜਧਾਨੀਆਂ
2. ਸਾਰੇ ਮਹਾਂਦੀਪ- ਸਭ ਤੋਂ ਵੱਡਾ, ਸਭ ਤੋਂ ਛੋਟਾ ਮਹਾਂਦੀਪ
3. ਸਭ ਤੋਂ ਵੱਧ ਅਬਾਦੀ ਵਾਲਾ ਦੇਸ਼/ਰਾਜ, ਸਭ ਤੋਂ ਘੱਟ ਅਬਾਦੀ ਵਾਲਾ ਦੇਸ਼/ਰਾਜ
4. ਸਭ ਤੋਂ ਵੱਧ ਸਾਖਰਤਾ ਵਾਲਾ ਰਾਜ, ਸਭ ਤੋਂ ਘੱਟ ਸਾਖਰਤਾਵਾਲਾਰਾਜ
5. ਪੰਜਾਬ ਦੀਆਂ ਤਹਿਸੀਲਾਂ ਦੇ ਨਾਮ
6. ਭਾਰਤ ਵਿੱਚ ਲੋਕ ਸਭਾ ਦੀਆਂ ਸੀਟਾਂ ਦੀ State wise ਕੁੱਲ ਗਿਣਤੀ
7. ਭਾਰਤ ਵਿੱਚ ਰਾਜ ਸਭਾ ਦੀਆਂ ਸੀਟਾਂ ਦੀ ਕੁੱਲ ਗਿਣਤੀ
8. ਪੰਜਾਬ ਵਿੱਚ ਵਿਧਾਨ ਸਭਾ ਦੀਆਂ ਸੀਟਾਂ ਦੀ ਕੁੱਲ ਗਿਣਤੀ
9. ਪੰਜਾਬ ਵਿੱਚ ਵਿਧਾਨ ਸਭਾ ਹਲਕਿਆਂ ਦੇ ਨਾਮ ਅਤੇ ਉਨ੍ਹਾਂ ਦੀਆਂ ਸੀਟਾਂ ਦੀ ਗਿਣਤੀ।
10. ਟਾਇਮਲਾਈਨ
11. ਆਦਿ ਮਾਨਵ ਤੋਂ ਲੈ ਕੇ ਹੁਣ ਤੱਕ ਦੀਆਂ ਸਭਿਅਤਾਵਾਂ ਦੇ ਸਫ਼ਰ ਦੀਆਂ ਵੀਡੀਓ, ਆਪਣੀ ਆਵਾਜ਼ਦੇ ਕੇ ਸਮਝਾਓ (ਪਹਿਰਾਵਾ, ਬਰਤਨ, ਕਰੰਸੀ, ਕਿੱਤੇ ਦਾ ਤੁਲਨਾਤਮਕ ਵਿਸ਼ਲੇਸ਼ਣ ਵੀਡੀਉ ਲਈ ਫੋਟੋਆਂ ਲੈ ਕੇ ਆਪਣੀ ਆਵਾਜ਼ ਦੇ ਕੇ ਸਮਝਾਓ ਅਤੇ ਪ੍ਰੋਜੈਕਟਰ ਚਲਾ ਕੇ ਦਿਖਾਉ।
12. ਵੱਖ-ਵੱਖ ਗੁਰੂ ਸਾਹਿਬਾਨ ਸਮੇਂ ਕਿਹੜਾ ਮੁਗਲ ਬਾਦਸ਼ਾਹ- ਵਿਸਥਾਰ ਵਿੱਚ ਸਮਝਾਓ
13. ਨਕਸ਼ਾ ਭਰਨ ਮੁਕਾਬਲਾ
14. ਨਕਸ਼ਿਆਂ ਦੇ ਜਲਦੀ ਤੋਂ ਜਲਦੀ ਸਟੈਂਸਿਲ ਬਣਾਉਣੇ
15. ਗਲੋਬ ਦੀ ਵਰਤੋਂ/ ਗਤੀਵਿਧੀਆਂ
16. ਗ੍ਰਹਿਆਂ ਬਾਰੇ ਰੋਲ ਪਲੇਅ/ਹੋਰ ਰੋਲ ਪਲੇਅ
17. ਅਰਥ-ਸ਼ਾਸਤਰ ਨਾਲ ਸਬੰਧਿਤ ਗਤੀਵਿਧੀਆਂ/ਰੋਲ ਪਲੇਅ
18. ਵਧੀਆ ਗਰਾਫ਼/ਚਾਰਟ ਬਣਾਉਣੇ ਅਤੇ ਪੜ੍ਹਨੇ ਆਉਣੇ
19. ਕੁਝ ਮਾਡਲ ਹੋ ਸਕਦੇ ਨੇ- **Best out of waste** ਤੋਂ ਬਣੇ ਹੋਏ ਮੋਮਬੱਤੀਆਂ ਬਨਾਉਣਾ/ ਮੋਮ ਦੇ ਦੀਵੇ/ ਫੁੱਲ ਵਗੈਰਾ ਬਣਾਉਣਾ।
20. ਕੁਲੈਕਸ਼ਨ ਕਰਨਾ ਜਿਵੇਂ ਬੀਜ, ਮਿੱਟੀ, ਖਣਿਜ ਪਦਾਰਥ
21. ਸਮਾਜਿਕ ਸਿੱਖਿਆ ਨੂੰ ਨਵੀਆਂ ਤਕਨੀਕਾਂ ਨਾਲ ਪੜ੍ਹਾਉਣਾ
22. Explore the world with modern technology.

    ਅਧਿਆਪਕ ਵੀ ਰੋਲ ਪਲੇਅ ਕਰ ਸਕਦੇ ਹਨ।